ਦੇਗ ਤੇਗ ਫਤਿਹ॥

ਸਾਹਿਬ-ਏ-ਕਮਾਲ ਸ੍ਰੀ ਗੁਰੂ ਗੋਬਿੰਦ ਸਿੰਘ ਜੀ
ਦੁਆਰਾ ਸਿੱਖ ਪੰਥ ਦੇ ਥਾਪੇ ਜਰਨੈਲ

# ਬਾਬਾ ਬੰਦਾ ਸਿੰਘ ਜੀ ਬਹਾਦਰ

ਦਾ

# ਜਨਮ ਦਿਵਸ



ਦਸਮ ਪਾਤਿਸ਼ਾਹ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਨਾਂਦੇੜ ਦੀ ਧਰਤੀ ਤੋਂ ਬਾਬਾ ਬੰਦਾ ਸਿੰਘ ਜੀ ਬਹਾਦਰ ਨੂੰ ਅੰਮ੍ਰਿਤ ਛਕਾ ਕੇ ਸਿੰਘ ਸਜਾ ਕੇ ਪੰਜ ਸਿੰਘਾਂ ਦੇ ਨਾਲ ਪੰਜਾਬ ਵਿਚ ਮੁਗਲ ਹਕੂਮਤ ਦੇ ਜ਼ੁਲਮਾਂ ਨੂੰ ਠੱਲ੍ਹ ਪਾਉਣ ਲਈ ਤੋਰਿਆ। ਬਾਬਾ ਜੀ ਦੀ ਅਗਵਾਈ ਵਿੱਚ ਖਾਲਸੇ ਨੇ ਪੰਜਾਬ ਵਿੱਚ ਅਜਿਹਾ ਸੰਘਰਸ਼ ਆਰੰਭਿਆ ਕਿ ਮੁਗਲ ਸਲਤਨਤ ਦੇ ਮਹਿਲ ਢਹਿ ਢੇਰੀ ਹੋਣ ਲੱਗੇ। ਇਸ ਤਰ੍ਹਾਂ ਦਸਮੇਸ਼ ਪਿਤਾ ਦੇ ਹੁਕਮ ਅਨੁਸਾਰ ਬਾਬਾ ਬੰਦਾ ਸਿੰਘ ਬਹਾਦਰ ਨੇ ਜੋ ਇਨਕਲਾਬ ਲਿਆਂਦਾ, ਉਹ ਸਭ ਨੂੰ ਹੈਰਾਨ ਕਰ ਦੇਣ ਵਾਲਾ ਸੀ। ਬਾਬਾ ਜੀ ਇੱਕ ਉੱਤਮ ਦਰਜੇ ਦੇ ਸੂਰਬੀਰ ਮਹਾਨ ਯੋਧੇ ਤੇ ਆਗੂ ਸਨ। ਬਾਬਾ ਜੀ ਨੇ ਪੰਜਾਬ ਵਿੱਚ ਇੱਕ-ਇੱਕ ਕਰਕੇ ਸਮਾਣਾ, ਸੋਨੀਪਤ, ਕੈਥਲ, ਠਸਕਾ, ਕਪੂਰੀ, ਸਢੌਰਾ ਆਦਿ ਇਲਾਕੇ ਜਿੱਤਕੇ ਸਰਹਿੰਦ ਤੋਂ 12 ਕੋਹ ਦੀ ਦੂਰੀ 'ਤੇ ਚਪੜਚਿੜੀ ਦੇ ਮੈਦਾਨ ਵਿੱਚ ਡੇਰਾ ਲਾ ਲਿਆ। ਦੂਸਰੇ ਪਾਸੇ ਦਸਮੇਸ਼ ਪਿਤਾ ਜੀ ਦੇ ਛੋਟੇ ਸਾਹਿਬਜ਼ਾਦਿਆਂ ਨੂੰ ਜ਼ਿੰਦਾ ਨੀਹਾਂ ਵਿੱਚ ਚਿਣਵਾ ਕੇ ਸ਼ਹੀਦ ਕਰਨ ਵਾਲਾ ਸੂਬਾ ਸਰਹਿੰਦ ਵਜ਼ੀਰ ਖਾਨ ਵੀ ਪੂਰੀ ਤਿਆਰੀ ਨਾਲ ਮੁਕਾਬਲਾ ਕਰਨ ਲਈ ਪੁੱਜਾ। ਉਸ ਨੇ ਗੁਆਂਢੀ ਰਿਆਸਤਾਂ ਪਾਸੋਂ ਵੀ ਭਾਰੀ ਮਦਦ ਇਕੱਠੀ ਕੀਤੀ। 12 ਮਈ 1710 ਈਸਵੀ ਨੂੰ ਗਹਿਗੱਚ ਲੜਾਈ ਮਗਰੋਂ ਵਜ਼ੀਰ ਖਾਨ ਮਾਰਿਆ ਗਿਆ ਤੇ ਜੇਤੂ ਹੋ ਕੇ ਸਿੰਘਾਂ ਨੇ 14 ਮਈ 1710 ਈਸਵੀ ਨੂੰ ਸਰਹਿੰਦ 'ਤੇ ਕਬਜ਼ਾ ਕਰ ਲਿਆ।

## ਸੋਮਵਾਰ, 16 ਅਕਤੂਬਰ 2017

(੩੧ ਅੱਸੂ, ਸੰਮਤ ਨਾਨਕਸ਼ਾਹੀ ੫੪੯) ਨੂੰ

## ਗੁਰਦੁਆਰਾ ਬਾਬਾ ਬੰਦਾ ਸਿੰਘ ਜੀ ਬਹਾਦਰ

### ਮਹਿਰੌਲੀ, ਦਿੱਲੀ

ਵਿਖੇ ਹੇਠ ਲਿਖੇ ਪ੍ਰੋਗਰਾਮ ਅਨੁਸਾਰ ਉਤਸ਼ਾਹ ਅਤੇ ਸ਼ਰਧਾ ਨਾਲ ਮਨਾਇਆ ਜਾ ਰਿਹਾ ਹੈ।

**ਪ੍ਰੋਗਰਾਮ (ਰਾਤ)**

6.00 ਤੋਂ 6.40 – ਪਾਠ – ਸ੍ਰੀ ਰਹਰਾਸਿ ਸਾਹਿਬ

6.40 ਤੋਂ 8.00 – ਕੀਰਤਨ – ਭਾਈ ਮਨੋਹਰ ਸਿੰਘ ਗੁਰਿੰਦਰ ਸਿੰਘ ਜੀ ਹਜ਼ੂਰੀ ਰਾਗੀ, ਗੁ. ਸੀਸ ਗੰਜ ਸਾਹਿਬ

8.00 ਤੋਂ 8.40 – ਕਥਾ – ਭਾਈ ਬਚਿੱਤਰ ਸਿੰਘ ਜੀ ਹੈਡ ਗ੍ਰੰਥੀ, ਗੁਰਦੁਆਰਾ ਨਾਨਕ ਪਿਆਉ ਸਾਹਿਬ

8.40 ਤੋਂ 9.00 – ਪੰਥਕ ਵਿਚਾਰਾਂ

9.00 ਤੋਂ 10.00 – ਕੀਰਤਨ – ਭਾਈ ਹਰਜੋਤ ਸਿੰਘ ਜੀ ਜ਼ਖ਼ਮੀ ਜਲੰਧਰ ਵਾਲੇ

ਉਪਰੰਤ ਅਰਦਾਸ ਤੇ ਸਮਾਪਤੀ

**ਅਪੀਲ** ਫੈਸ਼ਨਪ੍ਰਸਤੀ ਦੇ ਵੱਧਦੇ ਪ੍ਰਭਾਵ ਕਾਰਨ ਅੱਜਕੱਲ ਸਿੱਖ ਨੌਜਵਾਨਾਂ ਵਿੱਚ ਸਿਰਾਂ 'ਤੇ ਟੋਪੀਆਂ ਪਾਉਣ ਦਾ ਰੁਝਾਨ ਵੱਧ ਰਿਹਾ ਹੈ, ਜੋ ਕਿ ਸਿੱਖ ਰਹਿਤ ਮਰਿਆਦਾ ਦੇ ਵਿਰੁੱਧ ਹੈ। ਗੁਰਮਤਿ ਅਨੁਸਾਰ ਹਰ ਸਿੱਖ ਨੌਜਵਾਨ ਨੂੰ ਸਿਰ 'ਤੇ ਸੋਹਣੀ ਦਸਤਾਰ ਸਜਾਉਣੀ ਚਾਹੀਦੀ ਹੈ, ਜੋ ਸਿੱਖੀ ਗੌਰਵ ਦੀ ਸ਼ਾਨ ਹੈ।

ਸੰਗਤਾਂ ਪਾਸ ਬੇਨਤੀ ਹੈ ਕਿ ਇਸ ਪ੍ਰੋਗਰਾਮ ਸਮੇਂ ਆਪਣੇ ਪਰਿਵਾਰਾਂ ਸਮੇਤ ਹਾਜ਼ਰੀਆਂ ਭਰਕੇ ਆਪਣਾ ਜੀਵਨ ਸਫ਼ਲਾ ਕਰੋ ਜੀ।

ਗੁਰੂ ਪੰਥ ਦੇ ਦਾਸ

**ਮਨਜੀਤ ਸਿੰਘ ਜੀ.ਕੇ.**
ਪ੍ਰਧਾਨ

**ਹਰਮੀਤ ਸਿੰਘ ਕਾਲਕਾ**
ਸੀਨੀਅਰ ਮੀਤ ਪ੍ਰਧਾਨ

**ਮਨਜਿੰਦਰ ਸਿੰਘ ਸਿਰਸਾ**
ਜਨਰਲ ਸਕੱਤਰ

**ਹਰਮਨਜੀਤ ਸਿੰਘ** ਮੀਤ ਪ੍ਰਧਾਨ

**ਰਾਣਾ ਪਰਮਜੀਤ ਸਿੰਘ**
ਚੇਅਰਮੈਨ, ਧਰਮ ਪ੍ਰਚਾਰ ਕਮੇਟੀ

**ਅਮਰਜੀਤ ਸਿੰਘ ਫਤਿਹ ਨਗਰ** ਜਾਇੰਟ ਸਕੱਤਰ

## ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ

ਗੁਰੂ ਗੋਬਿੰਦ ਸਿੰਘ ਭਵਨ, ਗੁਰਦੁਆਰਾ ਰਕਾਬ ਗੰਜ ਸਾਹਿਬ, ਨਵੀਂ ਦਿੱਲੀ – 1 ਫ਼ੋਨ : 23712580, 23712581, 23712582, 23737328, 23737329 ਫੈਕਸ : 23317511
Website : http://www.dsgmc.in Email : info@dsgmc.in

ਡਿਜ਼ਾਇਨਿੰਗ : ਕੰਪਿਊਟਰ ਵਿਭਾਗ (ਦਿੱ. ਸਿੱ. ਗੁ. ਪ੍ਰ. ਕਮੇਟੀ)
ਛਾਪਕ : ਗੁਰਉਪਦੇਸ਼ ਪ੍ਰਿੰਟਰਜ਼, ਗੁਰਦੁਆਰਾ ਰਕਾਬ ਗੰਜ ਸਾਹਿਬ, ਨਵੀਂ ਦਿੱਲੀ-1